# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ
## ਚੌਥੀ ਮੰਜਿਲ, ਈ-ਬਲਾਕ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਮੋਹਾਲੀ
### (ਦਫ਼ਤਰੀ ਅਮਲਾ ਸ਼ਾਖਾ)

ਹੁਕਮ ਨੰ; 684964/
ਮਿਤੀ ः04-06-2026

ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪੀ.ਪੀ.-3 ਸਾਖਾ) ਵੱਲੋ ਜਾਰੀ ਪੱਤਰ ਨੰ; 4/43/ 09-3ਪੀ.ਪੀ.1/ 2137 ਮਿਤੀ 10-12-2009 ਅਤੇ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿਖਿਆ-3 ਸ਼ਾਖਾ) ਵੱਲੋ ਜਾਰੀ ਪੱਤਰ ਨੰ; SED-EDU302/79/2022-2EDU3/1440333/2022(4) ਮਿਤੀ 10/10/2022 ਰਾਹੀ ਰਾਹੀ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਸੀਨੀਅਰ ਸਹਾਇਕਾਂ ਤੋ ਸੁਪਰਡੈਂਟ ਗਰੇਡ-2 ਦੀਆਂ ਆਸਾਮੀਆਂ ਤੇ ਪੱਦਉਨਤੀ ਕਰਨ ਲਈ ਗਠਤ ਸਕਰੀਨਿੰਗ ਕਮੇਟੀ ਦੀ ਮਿਤੀ 24-07-2025 ਨੂੰ ਹੋਈ ਮੀਟਿੰਗ ਦੀ ਸਿਫਾਰਿਸ਼ਾਂ ਤੇ ਵਿਭਾਗ ਵੱਲੋਂ ਸਾਲ 2018 ਵਿੱਚ ਬਣਾਏ ਗਏ ਰੂਲ the Punjab Education Department (Ministerial staff of Subordinate Offices) Group 'B' Service Rules, 2018 ਅਨੁਸਾਰ ਹੇਠ ਲਿਖੇ ਖੇਤਰੀ ਦਫਤਰ ਵਿੱਚ ਕੰਮ ਕਰਦੇ ਸੀਨੀਅਰ ਸਹਾਇਕਾਂ ਦੀ ਪੱਦ ਉਨਤੀ ਬਤੌਰ ਸੁਪਰਡੰਟ ਗ੍ਰੇਡ-2 ਨੂੰ The Punjab Civil Service (Revised Pay) Rules, 2021 ਵਿੱਚ ਦਰਸਾਏ Schedule ਅਨੁਸਾਰ ਹੇਠ ਲਿਖੀਆਂ ਸ਼ਰਤਾਂ ਤੇ ਕੀਤੀ ਜਾਂਦੀ ਹੈ ਅਤੇ ਇਸ ਪਦਉਨਤ ਹੋਏ ਕਰਮਚਾਰੀ ਨੂੰ ਉਸ ਦੇ ਨਾਮ ਦੇ ਸਾਹਮਣੇ ਦਰਸਾਇਆ ਸਟੇਸ਼ਨ ਅਲਾਟ ਕੀਤਾ ਜਾਂਦਾ ਹੈ ः

**ਜਨਰਲ (ਨਾਨ ਬਾਰਡਰ) ਏਰੀਏ**

| ਲੜੀ ਨੰ | ਮਿਤੀ 29-01-2025 ਰਾਹੀ ਜਾਰੀ ਨਾਨ ਬਾਰਡਰ ਏਰੀਏ ਦੀ ਰਿਵਾਇਜਡ ਸੀਨੀਆਰਤਾ ਸੂਚੀ ਅਨੁਸਾਰ ਸੀਨੀਆਰਤਾ ਨੰਬਰ | ਕਰਮਚਾਰੀ ਦਾ ਨਾਂ (ਸਰਵ ਸ਼੍ਰੀ/ ਸ਼੍ਰੀਮਤੀ) | ਕੰਮ ਕਰਨ ਦਾ ਸਥਾਨ | ਅਹੁਦਾ | ਕੈਟਾਗਰੀ | ਬਤੌਰ ਸੁਪਰਡੰਟ ਗ੍ਰੇਡ-2 ਪਦਉਨਤ ਹੋਣ ਉਪਰੰਤ ਅਲਾਟ ਕੀਤਾ ਗਿਆ ਸਟੇਸ਼ਨ | ਵਿਸ਼ੇਸ਼ ਕਥਨ |
|---|---|---|---|---|---|---|---|
| 1 | 20 | ਗੁਰਮੀਤਪਾਲ ਸਿੰਘ | ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਬਠਿੰਡਾ | ਸੀਨੀਅਰ ਸਹਾਇਕ | ਜਨਰਲ | ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਬਠਿੰਡਾ | |

ਸਰਤਾਂ : -

1. ਉਪਰੋਕਤ ਖੇਤਰੀ ਦਫਤਰਾਂ ਦੇ ਸੀਨੀਅਰ ਸਹਾਇਕਾਂ ਦੀਆਂ ਪੱਦਉੱਨਤੀਆਂ ਵਿਭਾਗ ਵੱਲੋਂ ਸਾਲ 2018 ਵਿੱਚ ਬਣਾਏ ਗਏ ਰੂਲ the Punjab Education Department (Ministerial staff of Subordinate Offices) Group 'B' Service Rules, 2018 ਦੇ ਰੂਲ ਅਨੁਸਾਰ ਮਿਤੀ 29-01-2025 ਰਾਹੀਂ ਜਾਰੀ ਕੀਤੀ ਗਈ ਰਿਵਾਇਰਜ਼ਡ ਜਨਰਲ (ਨਾਨ ਬਾਰਡਰ) ਏਰੀਏ ਦੀ ਸੀਨੀਆਰਤਾ ਸੂਚੀ ਦੇ ਆਧਾਰ ਤੇ ਕੀਤੀਆਂ ਜਾ ਰਹੀਆ ਹਨ।
2. ਸੁਪਰਡੰਟ ਗ੍ਰੇਡ -2 ਦੇ ਕਾਡਰ ਵਿੱਚ ਜੇਕਰ ਅਸਾਮੀ ਘੱਟ ਜਾਂਦੀ ਹੈ ਤਾਂ ਉਸ ਨੂੰ ਬਿਨਾਂ ਕਿਸੇ ਨੋਟਿਸ ਦੇ ਸੀਨੀਅਰ ਸਹਾਇਕ ਦੀ ਆਸਾਮੀ ਤੇ ਪਰਤਾ ਦਿੱਤਾ ਜਾਵੇਗਾ ।
3. ਇਹ ਹੁਕਮ ਅਧਿਕਾਰੀ ਦੀ ਹਾਜਰੀ ਦੀ ਮਿਤੀ ਤੋਂ ਲਾਗੂ ਹੋਣਗੇ ।
4. ਇਹ ਪੱਦ ਉੱਨਤੀਆਂ ਇਸ ਸ਼ਰਤ ਦੇ ਕੀਤੀਆ ਜਾ ਰਹੀਆਂ ਹਨ ਕਿ ਵੱਖ –ਵੱਖ ਅਦਾਲਤਾਂ ਵਿੱਚ ਪੈਡਿੰਗ ਪਏ ਕੋਰਟ ਕੇਸ (ਜੇਕਰ ਕੋਈ ਹੋਵੇ) ਦਾ ਫੈਸਲਾ ਇਹਨਾਂ ਤੇ ਲਾਗੂ ਹੋਵੇਗਾ ।

5. ਸੀਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਵਿੱਚ ਕੋਈ ਬਦਲਾਅ ਹੋਣ ਤੇ ਇਹਨਾਂ ਹੁਕਮਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

6. ਇਹ ਹੁਕਮ ਬਿਨਾਂ ਕਿਸੇ ਨੋਟਿਸ ਦੇ ਸੋਧ ਕਰਨ ਦਾ / ਰੱਦ ਕਰਨ ਦਾ ਅਧਿਕਾਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ ) ਪੰਜਾਬ, ਐਸ.ਏ.ਐਸ.ਨਗਰ ਕੋਲ ਰਾਖਵਾਂ ਹੋਵੇਗਾ।

7. ਇਹ ਕਰਮਚਾਰੀ ਸਬੰਧਤ ਜਿਲਾ ਸਿਖਿਆ ਅਫਸਰ (ਸੈਸਿ) ਪਾਸ ਆਪਣੀ ਹਾਜਰੀ ਰਿਪੋਰਟ 07 ਦਿਨਾਂ ਦੇ ਅੰਦਰ-ਅੰਦਰ ਦੇਣਗੇ ਜੇਕਰ ਕਰਮਚਾਰੀ ਨਿਸ਼ਚਤ ਸਮੇਂ ਅੰਦਰ ਹਾਜਰ ਨਹੀ ਹੁੰਦਾ ਤਾਂ ਉਸ ਨੂੰ 2 ਸਾਲ ਲਈ 1994 ਦੇ ਨਿਯਮ 2 ਅਧੀਨ ਤਰੱਕੀਆਂ ਦੇ ਉਪਲੱਬਧ ਹੋਣ ਵਾਲੇ ਮੌਕਿਆ ਸਬੰਧੀ ਤਰੱਕੀ ਤੋਂ ਡੀ-ਬਾਰ ਕਰ ਦਿੱਤਾ ਜਾਵੇਗਾ।

8. ਤਰੱਕੀ ਪ੍ਰਾਪਤ ਕਰਨ ਵਾਲਾ ਕਰਮਚਾਰੀ ਇੱਕ ਸਾਲ ਦੇ ਸਮੇਂ ਲਈ ਪਰਖ ਸਮੇਂ ਅਧੀਨ ਹੋਵੇਗਾ। ਇਸ ਪਰਖ ਕਾਲ ਦੇ ਸਮੇਂ ਦੌਰਾਨ ਕਰਮਚਾਰੀ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਨਾ ਪਾਏ ਜਾਣ ਦੀ ਸੂਰਤ ਵਿੱਚ ਉਸਨੂੰ ਹੇਠਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

9. ਸਬੰਧਤ ਜਿਲਾ ਸਿੱਖਿਆ ਅਫਸਰ ਵੱਲੋ ਪਦ ਉਨਤ ਹੋਣ ਵਾਲੇ ਕਰਮਚਾਰੀ ਨੂੰ ਬਤੌਰ ਸੁਪਰਡੰਟ ਗ੍ਰੇਡ-2 ਹਾਜਰ ਕਰਵਾਉਣ ਤੋਂ ਪਹਿਲਾਂ ਕਰਮਚਾਰੀ ਦੀ ਪਦ ਉਨਤੀ ਲਈ ਯੋਗਤਾ ਸਬੰਧੀ ਰਿਕਾਰਡ ਚੈੱਕ ਕਰਨਾ ਯਕੀਨੀ ਬਣਾਇਆ ਜਾਵੇਗਾ।

10. ਪੱਦਉਨਤ ਹੋਏ ਕਰਮਚਾਰੀ ਨੂੰ ਪੰਜਾਬ ਐਜੂਕੇਸ਼ਨ ਡਿਪਾਰਟਮੈਂਟ ਮਨਿਸਟਰੀਅਲ ਸਟਾਫ ਗਰੁੱਪ ਬੀ (ਬਾਰਡਰ/ਨਾਨ ਬਾਰਡਰ) ਗਰੁੱਪ ਬੀ ਸਰਵਿਸ ਨਿਯਮਾਂਵਲੀ, 2018 ਦੇ ਨਿਯਮ 7 ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ 2 ਸਾਲ ਦੇ ਅੰਦਰ-ਅੰਦਰ ਪ੍ਰੀਖਿਆ ਪਾਸ ਕਰਨੀ ਹੋਵੇਗੀ। ਅਜਿਹੀ ਪ੍ਰੀਖਿਆ ਪਾਸ ਕਰਨ ਉਪਰੰਤ ਹੀ ਉਸ ਨੂੰ ਸਾਲਾਨਾ ਤਰੱਕੀ ਦਾ ਲਾਭ ਮਿਲਣਯੋਗ ਹੋਵੇਗਾ।

ਸਕੱਤਰ ਸਿੰਘ ਬੱਲ, ਪੀ.ਸੀ.ਐਸ

ਡਾਇਰੈਕਟਰ ਸਕੂਲ ਐਜੂਕੇਸ਼ਨ ( ਸੈਕੰਡਰੀ ) ਪੰਜਾਬ

ਪਿੰਠ ਅੰਕਣ ਨੰ: ਉਕਤ/ 2026154290

ਮਿਤੀ ਐਸ.ਏ.ਐਸ.ਨਗਰ ◌:04-06-2026

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1.0 ਸਕੱਤਰ, ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-3 ਸ਼ਾਖਾ) ਚੰਡੀਗੜ੍ਹ।

2.0 ਮਹਾਂਲੇਖਾਕਾਰ, ਪੰਜਾਬ, ਚੰਡੀਗੜ੍ਹ।

3.0 ਸਹਾਇਕ ਡਾਇਰੈਕਟਰ (ਟ੍ਰਾਂਸਫਰ ਸੈੱਲ)।

4.0 ਐਮ.ਆਈ.ਐਸ. ਸ਼ਾਖਾ, ਦਫਤਰ ਡੀ.ਜੀ.ਐਸ.ਈ ਪੰਜਾਬ।

5.0 ਸਬੰਧਤ ਜਿਲਾ ਸਿਖਿਆ ਅਫਸਰ (ਸੈਸਿ)।

6.0 ਸਬੰਧਤ ਕਰਮਚਾਰੀ।

04/06/2026

ਸਹਾਇਕ ਰਜਿਸਟਰਾਰ